**Education Bureau**
The Government of the
Hong Kong Special Administrative Region
of the People's Republic of China

# ਕਿੰਡਰਗਾਰਟਨ ਐਜੂਕੇਸ਼ਨ ਨੀਤੀ ਚੀਨੀ ਭਾਸ਼ਾ ਨਾ ਬੋਲਣ ਵਾਲੇ ਬੱਚਿਆਂ ਲਈ ਸਮਰਥਨ

ਚੀਨੀ ਭਾਸ਼ਾ ਨਾ ਬੋਲਣ ਵਾਲਿਆਂ (NCS) ਦੁਆਰਾ ਚੀਨੀ ਸਿੱਖਣ ਦੀ ਜਲਦ ਸ਼ੁਰੂਆਤ ਨਾਲ ਉਹਨਾਂ ਨੂੰ ਮੁੱਖ ਧਾਰਾ ਦੇ ਪਾਠਕ੍ਰਮ ਨੂੰ ਅਪਣਾਉਣ ਅਤੇ ਸਥਾਨਕ ਭਾਈਚਾਰੇ ਦੇ ਨਾਲ ਜੁੜਨ ਵਿੱਚ ਸਹਾਇਤਾ ਮਿਲੇਗੀ। NCS ਬੱਚਿਆਂ ਦੇ ਮਾਪਿਆਂ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਜਿੰਨੀ ਜਲਦੀ ਹੋ ਸਕੇ ਅਜਿਹੇ ਕਿੰਡਰਗਾਰਟਨਾਂ (KGs) ਵਿੱਚ ਭੇਜਣ ਜਿੱਥੇ ਪੂਰੀ ਤਰ੍ਹਾਂ ਨਾਲ ਚੀਨੀ ਭਾਸ਼ਾ ਵਰਤੀ ਜਾਂਦੀ ਹੋਵੇ ਤਾਂ ਜੋ ਉਹਨਾਂ ਨੂੰ ਚੀਨੀ ਭਾਸ਼ਾ ਸਿੱਖਣ ਵਿੱਚ ਮਦਦ ਮਿਲ ਸਕੇ। ਇਸ ਸੰਬੰਧ ਵਿਚ, ਸਰਕਾਰ ਨੇ KGs ਵਿੱਚ NCS ਬੱਚਿਆਂ ਲਈ ਕਈ ਤਰ੍ਹਾਂ ਦੇ ਸਹਾਇਤਾ ਉਪਾਅ ਸ਼ੁਰੂ ਕੀਤੇ ਹਨ।



In case of any discrepancy between the English version and the other language version, the English version shall prevail.

(2022 ਵਿੱਚ ਅੱਪਡੇਟ ਕੀਤਾ ਸੰਸਕਰਣ)

Punjabi (Indian)

## ਕਿੰਡਰਗਾਰਟਨ ਵਿੱਚ ਚੀਨੀ ਭਾਸ਼ਾ ਨਾ ਬੋਲਣ ਵਾਲੇ ਬੱਚਿਆਂ ਸਹਾਇਤਾ ਉਪਾਅ

### KGs ਵਿੱਚਦਾਖਲਾ

- ਸਾਰੇ KGs ਨੂੰ ਦਾਖਲੇ ਵਿੱਚ ਸਾਰੇ ਬੱਚਿਆਂ ਲਈ ਬਰਾਬਰ ਮੌਕਿਆਂ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਭਾਵੇਂ ਉਹਨਾਂ ਦੀ ਨਸਲ, ਲਿੰਗ ਅਤੇ ਸਮਰੱਥਾ ਕੋਈ ਵੀ ਹੋਵੇ ਅਤੇ ਉਹਨਾਂ ਦੀ ਸਕੂਲ-ਆਧਾਰਤ ਦਾਖਲਾ ਪ੍ਰਣਾਲੀ ਨਿਰਪੱਖ, ਵਾਜਬ, ਖੁੱਲ੍ਹੀ ਅਤੇ ਗੈਰ-ਵਿਤਕਰਾ ਕਾਨੂੰਨ ਦੀ ਪਾਲਣਾ ਵਿੱਚ ਹੋਣੀ ਚਾਹੀਦੀ ਹੈ।
- KGs ਨੂੰ ਯਾਦ ਦਿਲਾਇਆ ਜਾਂਦਾ ਹੈ ਕਿ ਉਹ ਆਪਣੇ ਦਾਖਲਾ ਫਾਰਮਾਂ ਅਤੇ ਹੋਰ ਸੰਬੰਧਿਤ ਜਾਣਕਾਰੀ ਦੇ ਚੀਨੀ ਅਤੇ ਅੰਗ੍ਰੇਜ਼ੀ, ਦੋਵੇਂ ਭਾਸ਼ਾਵਾਂ ਵਿੱਚ ਸੰਸਕਰਣ ਮੁਹੱਈਆ ਕਰਨ, ਅਤੇ ਜਾਣਕਾਰੀ ਦੇ ਅੰਗਰੇਜ਼ੀ ਸੰਸਕਰਣ ਤੱਕ ਮਾਪਿਆਂ ਦੀ ਪਹੁੰਚ ਵਿੱਚ ਸਹਾਇਤਾ ਕਰਨ ਲਈ ਸਕੂਲ ਦੇ ਵੈੱਬਪੇਜ 'ਤੇ ਇੱਕ ਆਇਕਨ ਜਾਂ ਅੰਗਰੇਜ਼ੀ ਵਿੱਚ ਇੱਕ ਸਰਲ ਸੁਨੇਹਾ ਬਣਾਉਣ। KGs ਨੂੰ ਇਹ ਯਾਦ ਦਿਲਾਇਆ ਜਾਂਦਾ ਹੈ ਕਿ ਉਹ ਸਕੂਲ ਦੀ ਵੈਬਸਾਈਟ ਤੇ ਸਾਫ਼-ਸਾਫ਼ ਦਸਣ ਕਿ ਜੇ NCS ਬੱਚਿਆਂ ਲਈ ਇੰਟਰਵਿਊਆਂ ਦਾ ਪ੍ਰਬੰਧ ਕੀਤਾ ਜਾਂਦਾ ਹੈ, ਤਾਂ KGs ਨੂੰ ਜਿੱਥੇ ਲੋੜ ਹੋਵੇ ਬਿਨੈਕਾਰਾਂ ਲਈ ਦੁਭਾਸ਼ੀਆ ਅਤੇ/ਜਾਂ ਅਨੁਵਾਦ ਸੇਵਾ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ, ਜਾਂ ਗੱਲਬਾਤ ਦੀ ਸੁਵਿਧਾ ਲਈ ਮਾਪਿਆਂ ਅਤੇ ਬੱਚਿਆਂ ਨੂੰ ਇੰਟਰਵਿਊ ਦੌਰਾਨ ਕਿਸੇ ਚੀਨੀ ਬੋਲਣ ਵਾਲੇ ਰਿਸ਼ਤੇਦਾਰ/ਦੋਸਤ ਨੂੰ ਨਾਲ ਲਿਆਉਣ ਦੀ ਇਜਾਜ਼ਤ ਦਿੱਤੀ ਜਾਵੇ। KGs ਨੂੰ ਸਕੂਲ ਦੀ ਵੈਬਸਾਈਟ ਤੇ NCS ਬੱਚਿਆਂ ਨੂੰ ਸਕੂਲ ਦੀ ਸਹਾਇਤਾ, ਪੁੱਛਗਿਛ ਟੈਲੀਫੋਨ ਨੰਬਰ ਅਤੇ NCS ਬੱਚਿਆਂ ਦੇ ਮਾਪਿਆਂ ਲਈ ਈਮੇਲ ਪਤੇ ਬਾਰੇ ਜਾਣਕਾਰੀ ਪ੍ਰਦਾਨ ਕਰਨੀ ਚਾਹੀਦੀ ਹੈ।
- NCS ਬੱਚਿਆਂ ਦੇ ਮਾਪਿਆਂ ਲਈ ਸਲਾਨਾ ਤੌਰ 'ਤੇ ਨਰਸਰੀ (K1) ਦਾਖਲਿਆਂ ਬਾਰੇ ਮਾਪਿਆਂ ਦੇ ਸੈਮੀਨਾਰ ਆਯੋਜਿਤ ਕੀਤੇ ਜਾਂਦੇ ਹਨ। ਜਿਵੇਂ ਢੁਕਵਾਂ ਹੋਵੇ ਦੁਭਾਸ਼ੀਆ ਸੇਵਾ ਮੁਹੱਈਆ ਕੀਤੀ ਜਾਂਦੀ ਹੈ।
- ਸਿੱਖਿਆ ਵਿਭਾਗ (EDB) ਦੁਆਰਾ "KG ਦਾਖਿਲੇ ਦੇ ਰਜਿਸਟ੍ਰੇਸ਼ਨ ਸਰਟੀਫਿਕੇਟ ਲਈ ਬਿਨੈ ਪੱਤਰ" ਤੇ ਪ੍ਰਕਾਸ਼ਤ ਸਮ੍ਬੰਧਿਤ ਸਮੱਗਰੀ, ਜਿਵੇਂ ਕਿ ਪਰਚੇ, ਪੋਸਟਰ, ਮਾਰ੍ਗਦਰ੍ਸ਼ਕ ਨੋਟਸ ਅਤੇ ਨਾਲ ਹੀ ਪ੍ਰਚਾਰ ਦੀ ਘੋਸ਼ਣਾਵਾਂ ਦੇ ਸਬਟਾਇਟਲ ਦਾ ਅਨੁਵਾਦ, ਵੱਖ-ਵੱਖ ਨਸਲਾਂ ਦੀ ਭਾਸ਼ਾਵਾਂ ਵਿੱਚ ਕਿੱਤਾ ਗਿਆ ਹੈ।
- KG ਪ੍ਰੋਫਾਈਲ, ਜੋ ਅੰਗ੍ਰੇਜ਼ੀ ਅਤੇ ਚੀਨੀ ਦੋਵਾਂ ਭਾਸ਼ਾਵਾਂ ਵਿੱਚ ਪ੍ਰਕਾਸ਼ਿਤ ਕੀਤਾ ਜਾਂਦਾ ਹੈ, NCS ਬੱਚਿਆਂ ਲਈ ਸਹਾਇਤਾ ਸਮੇਤ, ਸਕੂਲ ਬਾਰੇ ਬਹੁਤ ਤਰ੍ਹਾਂ ਦੀ ਜਾਣਕਾਰੀ ਮੁਹੱਈਆ ਕਰਦਾ ਹੈ ਜੋ ਕਿ ਮਾਪਿਆਂ ਲਈ ਸਕੂਲ ਦੀ ਚੋਣ ਕਰਨ ਵਿੱਚ ਉਪਯੋਗੀ ਹਵਾਲੇ ਵਜੋਂ ਕੰਮ ਕਰਦੀ ਹੈ।
- ਜੇ ਕਿਸੇ NCS ਬੱਚੇ ਨੂੰ KGs ਵਿੱਚ ਦਾਖਲਾ ਲੈਣ ਵਿੱਚ ਅਸਲ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ, ਤਾਂ EDB, ਜਿਵੇਂ ਉਚਿਤ ਹੋਵੇ, KG ਸਿੱਖਿਆ ਸਕੀਮ (ਸਕੀਮ-KGs) ਵਿੱਚ ਸ਼ਾਮਲ ਹੋਣ ਵਾਲੀਆਂ ਉਹਨਾਂ KGs ਵਿੱਚ ਹਵਾਲੇ ਦੇਵੇਗੀ, ਜਿਨ੍ਹਾਂ ਕੋਲ ਖਾਲੀ ਸਥਾਨ ਹਨ।

### NCS ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨੀਆਂ

- NCS ਵਿਦਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ KGs ਦੀ ਸਹਾਇਤਾ ਕਰਨ ਲਈ, ਵੱਖ-ਵੱਖ ਸਕੂਲ-ਆਧਾਰਤ ਸਹਾਇਤਾ ਸੇਵਾਵਾਂ ਪੇਸ਼ ਕੀਤੀਆਂ ਜਾਂਦੀਆਂ ਹਨ। NCS ਵਿਦਿਆਰਥਿਆਂ ਨੂੰ ਦਾਖਲਾ ਦੇਣ ਵਾਲੇ KGs ਆਪਣੇ ਸਕੂਲ ਦੇ ਵਿਕਾਸ ਦੀਆਂ ਲੋੜਾਂ ਦੇ ਮੁਤਾਬਕ ਸੰਬੰਧਿਤ ਸੇਵਾਵਾਂ ਲਈ ਅਰਜ਼ੀ ਦੇ ਸਕਦੇ ਹਨ।
- NCS ਵਿਦਿਆਰਥੀਆਂ ਨੂੰ ਚੀਨੀ ਭਾਸ਼ਾ ਪੜ੍ਹਾਉਣ ਅਤੇ ਸਿਖਾਉਣ ਤੇ KG ਟੀਚਰਾਂ ਲਈ ਪੇਸ਼ੇਵਰ ਸਿਖਲਾਈ ਪ੍ਰੋਗਰਾਮ ਪੇਸ਼ ਕੀਤੇ ਜਾਂਦੇ ਹਨ।
- 2019/20 ਸਕੂਲੀ ਸਾਲ ਤੋਂ ਸ਼ੁਰੂ ਕਰਦੇ ਹੋਏ, ਅਸੀਂ NCS ਵਿਦਿਆਰਥੀਆਂ ਲਈ ਸਮਰਥਨ 'ਤੇ ਵਾਧੂ ਸਬਸਿਡੀ ਵਿੱਚ ਸੋਧ ਕੀਤੀ ਹੈ। NCS ਵਿਦਿਆਰਥੀਆਂ ਲਈ ਉਨ੍ਹਾਂ ਦੀ ਸਹਾਇਤਾ ਦੀ ਸੁਵਿਧਾ ਲਈ ਭਰਤੀ ਕੀਤੇ ਗਏ NCS ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਸਕੀਮ-KGs ਨੂੰ 5-ਪੱਧਰ ਦੀ ਸਬਸਿਡੀ ਦਿੱਤੀ ਜਾਂਦੀ ਹੈ। 1 NCS ਵਿਦਿਆਰਥੀ ਨੂੰ ਦਾਖਲ ਕਰਨ ਵਾਲੇ KGs ਨੂੰ ਵੀ ਸਬਸਿਡੀ ਮਿਲਦੀ ਹੈ। 2021/22 ਸਕੂਲੀ ਵਰ੍ਹੇ ਵਿਚ ਪੂਰੇ ਸਾਲ ਦੇ ਪ੍ਰਾਵਧਾਨ ਦਾ ਉੱਚ ਪੱਧਰ ਲਗਭਗ $800,000 ਹੈ।
- KGs ਦੀ NCS ਵਿਦਿਆਰਥੀਆਂ ਦੇ ਮਾਪਿਆਂ ਨਾਲ ਸੰਚਾਰ ਨੂੰ ਮਜ਼ਬੂਤ ਕਰਨ ਵਿੱਚ ਸਹਾਇਤਾ ਲਈ, ਆਡੀਓ ਫਾਇਲਾਂ ਦੇ ਨਾਲ ਸੰਵਾਦ ਕਯੂ ਕਾਰਡਾਂ ਦੇ ਇੱਕ ਸੈਟ ਦਾ ਅਤੇ ਆਮ ਤੌਰ ਤੇ ਵਰਤੇ ਜਾਣ ਵਾਲੇ ਸਕੂਲ ਸਰਕੂਲਰਾਂ ਲਈ ਟੈਂਪਲੇਟਾਂ ਦੇ ਇੱਕ ਸੈਟ ਦਾ KGs ਦੀ ਵਰਤੋਂ ਲਈ ਵੱਖ ਵੱਖ ਨਸਲਾਂ ਦੀ ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਗਿਆ ਹੈ।
- KG ਸਿੱਖਿਆ ਪਾਠਕ੍ਰਮ ਗਾਈਡ ਵਿੱਚ NCS ਵਿਦਿਆਰਥੀਆਂ ਨੂੰ ਸਥਾਨਕ ਸਕੂਲ ਦੇ ਮਾਹੌਲ ਨਾਲ ਜੋੜਨ ਵਿੱਚ ਸਹਾਇਤਾ ਲਈ ਨਿਰਦੇਸ਼ ਅਤੇ ਸਿਧਾਂਤ ਦਿੱਤੇ ਗਏ ਹਨ, ਅਤੇ ਨਾਲ ਹੀ ਇਸ ਬਾਰੇ ਖਾਸ ਰਣਨੀਤੀਆਂ ਅਤੇ ਸੰਬੰਧਿਤ ਸਰੋਤ ਵੀ ਦਿੱਤੇ ਗਏ ਹਨ ਕਿ ਅਧਿਆਪਕ ਚੀਨੀ ਸਿੱਖਣ ਵਿੱਚ NCS ਵਿਦਿਆਰਥੀਆਂ ਦੀ ਮਦਦ ਕਿਵੇਂ ਕਰ ਸਕਦੇ ਹਨ।

## ਹੋਰ ਜਾਣਕਾਰੀ

**ਜ਼ਿਆਦਾ ਜਾਣਕਾਰੀ ਜਾਂ ਸਹਾਇਤਾ ਲਈ, ਕਿਰਪਾ ਕਰਕੇ EDB ਨਾਲ ਸੰਪਰਕ ਕਰੋ:**

| ਖੇਤਰੀ ਸਿੱਖਿਆ ਦਫ਼ਤਰਾਂ ਦੇ ਟੈਲੀਫੋਨ: | | | |
|---|---|---|---|
| (HK) | **2863 4646** | (NTE) | **2639 4876** |
| (KLN) | **3698 4108** | (NTW) | **2437 7272** |

ਕਿੰਡਰਗਾਰਟਨ ਅਤੇ ਬਾਲ ਦੇਖਭਾਲ ਕੇਂਦਰਾਂ ਲਈ ਸੰਯੁਕਤ ਆਫਿਸ ਦਾ ਟੈਲੀਫੋਨ:

**3107 2197**

NCS ਬੱਚਿਆਂ ਦੇ ਮਾਪਿਆਂ ਲਈ KGs ਵਿੱਚ ਦਾਖਲੇ ਬਾਰੇ ਹੌਟਲਾਈਨ:

**2892 6676**

### ਹੋਰ ਸੰਬੰਧਿਤ ਵੈੱਬਸਾਈਟਾਂ:

KG ਐਜੂਕੇਸ਼ਨ ਸਕੀਮ
http://www.edb.gov.hk/free-quality-kg-edu_en

KGs ਵਿੱਚ ਨਰਸਰੀ (K1) ਕਲਾਸਾਂ ਲਈ ਦਾਖਲੇ ਦੇ ਪ੍ਰਬੰਧ
http://www.edb.gov.hk/k1-admission_e

KG ਪ੍ਰੋਫਾਈਲ
http://www.chsc.hk/kindergarten/en

NCS ਵਿਦਿਆਰਥੀਆਂ ਲਈ ਵਿਦਿਅਕ ਸੇਵਾਵਾਂ
http://www.edb.gov.hk/ncs